**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 5088 /ਸੀ.ਓ.ਈ.
ਮਿਤੀ 06/12/2020

## ਜ਼ਰੂਰੀ ਸੂਚਨਾਂ

ਮਈ, 2020 ਦੀਆਂ Exit/Terminal ਕਲਾਸਾਂ ਲਈ ਕਰਵਾਈਆਂ ਗਈਆਂ ਪ੍ਰੀਖਿਆਵਾਂ ਦੀਆਂ ਸੋਧੀਆਂ ਗਈਆਂ ਹਦਾਇਤਾਂ ਅਨੁਸਾਰ ਦਸੰਬਰ, 2020 ਵਿੱਚ ਹੋ ਰਹੀਆਂ ਪ੍ਰੀਖਿਆਵਾਂ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਦੁਆਰਾ ਪ੍ਰਸ਼ਨ-ਪੱਤਰ ਹੱਲ ਕਰਨ ਦਾ ਸਮਾਂ 02.30 ਘੰਟੇ ਰਹੇਗਾ, ਪਰ ਪ੍ਰੀਖਿਆ ਸੈਸ਼ਨ ਦਾ ਕੁਲ ਸਮਾਂ ਪਹਿਲਾਂ ਦੀ ਤਰ੍ਹਾਂ ਹੀ 04 ਘੰਟੇ ਰਹੇਗਾ। ਸਾਰੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀਖਿਆਵਾਂ ਸਬੰਧੀ ਜਾਣਕਾਰੀ ਲਈ ਆਪਣੇ ਵਿਭਾਗ/ਕਾਲਜ ਨਾਲ ਸੰਪਰਕ ਵਿੱਚ ਰਹਿਣ ਅਤੇ ਸਮੇ-ਸਮੇਂ ਯੂਨੀਵਰਸਿਟੀ ਵੈਬਸਾਈਟ ਚੈੱਕ ਕਰਦੇ ਰਹਿਣ।

6/12/2020
**ਕੰਟਰੋਲਰ (ਪ੍ਰੀਖਿਆਵਾਂ)**

Scanned with CamScan

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 5090 /ਸੀ.ਓ.ਈ.
ਮਿਤੀ 06/12/2020

## ਜ਼ਰੂਰੀ ਸੂਚਨਾ

ਸਾਰੇ ਵਿਦਿਆਰਥੀ ਜੋ ਦਸੰਬਰ, 2020 ਵਿੱਚ ਹੋ ਰਹੀਆਂ ਪ੍ਰੀਖਿਆਵਾਂ ਦੇ ਰਹੇ ਹਨ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨਾਂ ਨੇ ਪ੍ਰਸ਼ਨ-ਪੱਤਰ ਦੇ ਕੁਲ ਪ੍ਰਸ਼ਨਾਂ ਵਿੱਚੋਂ ਕੁਲ ਅੱਧੇ ਪ੍ਰਸ਼ਨ ਹੱਲ ਕਰਨੇ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹੋਣਗੇ ਅਤੇ ਪ੍ਰਸ਼ਨ-ਪੱਤਰ ਕੁਲ ਅੰਕ ਉਹੀ ਹੋਣਗੇ ਜੋ ਪ੍ਰਸ਼ਨ ਪੱਤਰ ਉੱਪਰ ਅੰਕਿਤ ਹਨ। ਜੇਕਰ ਪ੍ਰਸ਼ਨ-ਪੱਤਰ ਵਿੱਚ ਸੈਕਸ਼ਨ ਬਣੇ ਹੋਏ ਹਨ ਤਾਂ ਇਸ ਤਰ੍ਹਾਂ ਇਸਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਜੇਕਰ ਪ੍ਰਸ਼ਨ-ਪੱਤਰ ਵਿੱਚ ਲਾਜ਼ਮੀ ਪ੍ਰਸ਼ਨਾਂ ਦੀ ਹਦਾਇਤ ਹੈ ਤਾਂ ਇਸਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਇਸ ਦਾ ਭਾਵ ਹੈ ਕਿ ਕੋਈ ਵੀ ਪ੍ਰਸ਼ਨ ਲਾਜ਼ਮੀ ਨਾ ਮੰਨਿਆ ਜਾਵੇ। ਜੇਕਰ ਪ੍ਰਸ਼ਨ ਦੇ ਸਾਹਮਣੇ ਅੰਕ ਦਰਸਾਏ ਹਨ ਤਾਂ ਇਸਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਜੇਕਰ ਕੋਈ ਪ੍ਰਸ਼ਨ ਦਾ ਅਧ ਦਸ਼ਮਲਵ ਵਿੱਚ ਆਉਂਦਾ ਹੈ ਤਾਂ ਇਸਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਉਦਾਹਰਣ ਦੇ ਤੌਰ ਤੇ ਜੇਕਰ ਪ੍ਰਸ਼ਨ-ਪੱਤਰ ਵਿੱਚ 03 ਸੈਕਸ਼ਨ ਹਨ ਅਤੇ ਸੈਕਸ਼ਨ ਏ ਅਤੇ ਬੀ ਵਿੱਚ 4-4 ਪ੍ਰਸ਼ਨ ਹਨ ਅਤੇ ਸੈਕਸ਼ਨ ਸੀ ਵਿੱਚ ਇੱਕ ਛੋਟੇ ਪ੍ਰਸ਼ਨਾਂ ਵਾਲਾ ਇੱਕ ਪ੍ਰਸ਼ਨ ਹੈ ਅਤੇ ਕੁਲ ਅੰਕ 100 ਹਨ ਤਾਂ ਕੁੱਲ 09 ਪ੍ਰਸ਼ਨਾਂ ਵਿੱਚੋਂ ਵਿਦਿਆਰਥੀ ਕੋਈ 04 ਪ੍ਰਸ਼ਨ ਹੱਲ ਕਰੇਗਾ। ਸਾਰੇ ਪ੍ਰਸ਼ਨਾਂ ਦੇ ਨੰਬਰ ਬਰਾਬਰ ਹੋਣਗੇ। ਇਸ ਉਦਾਹਰਣ ਦੇ ਹਿਸਾਬ ਦੇ ਨਾਲ ਹਰ ਪ੍ਰਸ਼ਨ 25 ਨੰਬਰ ਦਾ ਹੋਵੇਗਾ। ਪ੍ਰਸ਼ਨ-ਪੱਤਰ ਵਿੱਚ ਕੁਲ ਪ੍ਰਸ਼ਨਾਂ ਦੀ ਗਿਣਤੀ ਅਤੇ ਵਿਦਿਆਰਥੀਆਂ ਦੁਆਰਾ ਹੱਲ ਕੀਤੇ ਜਾਣ ਪ੍ਰਸ਼ਨਾਂ ਦੀ ਗਿਣਤੀ ਹੇਠ ਲਿਖੀ ਸਾਰਣੀ ਅਨੁਸਾਰ ਹੋਵੇਗੀ:-

| ਪ੍ਰਸ਼ਨ-ਪੱਤਰ ਵਿੱਚ ਕੁਲ ਪ੍ਰਸ਼ਨ | ਵਿਦਿਆਰਥੀ ਵਲੋਂ ਹੱਲ ਕੀਤੇ ਜਾਣ ਪ੍ਰਸ਼ਨਾਂ ਦੀ ਗਿਣਤੀ |
|---|---|
| 10 | 05 |
| 09 | 04 |
| 08 | 04 |
| 07 | 03 |
| 06 | 03 |
| 05 | 02 |
| 04 | 02 |

6/12/2020

ਕੰਟਰੋਲਰ (ਪ੍ਰੀਖਿਆਵਾਂ)

Scanned with CamScan